ਮੂਲ, ਪਰਮਾਤਮਾ।2।

ਅੰਤਰਿ—(ਆਪਣੇ) ਅੰਦਰ। ਅਹਿ—ਦਿਨ। ਨਿਸਿ—ਰਾਤ। ਰਾਮ ਰੰਗਿ—ਪਰਮਾਤਮਾ ਦੇ ਰੰਗ ਵਿਚ। ਸਾਰਾ—ਸ੍ਰੇਸ਼ਟ।3।

ਟੋਲਹੁ—ਲੱਭੋ। ਘਰੁ—ਉਹ ਥਾਂ ਜਿਥੇ ਸਦਾ ਟਿਕੇ ਰਹਿ ਸਕੀਏ। ਬਹੁੜਿ—ਮੁੜ ਮੁੜ।4।

ਸਚੁ—ਸਦਾ-ਥਿਰ ਰਹਿਣ ਵਾਲਾ। ਤੀਰਥਿ—ਤੀਰਥ ਉਤੇ। ਤਤੁ—ਮੂਲ-ਪ੍ਰਭੂ। ਅੰਤ ਕਾਲਿ—ਅਖ਼ੀਰਲੇ ਸਮੇ। ਜਮੁ—ਮੌਤ (ਦਾ ਡਰ)।5।

ਦਾਨਾ—ਸਿਆਣਾ। ਜਿਸੁ ਅੰਤਰਿ—ਜਿਸ (ਗੁਰੂ) ਦੇ ਅੰਦਰ। ਸਬਦਿ—ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ। ਮੇਲਿ—ਸੰਗਤਿ ਵਿਚ। ਭੈ ਭਾਰਾ—ਡਰ-ਸਹਿਮ ਦਾ ਭਾਰ।6।

ਮਿਲਿ—ਮਿਲ ਕੇ। ਕਾਇਆ—ਸਰੀਰ। ਤਿਸੁ ਮਹਿ—ਉਸ (ਸਰੀਰ) ਵਿਚ। ਲੈ ਚੀਨੀ—ਚੀਨਿ ਲੈ, ਪਛਾਣ ਲੈ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ।7।

ਜਨ ਭਾਈ—ਹੇ ਭਾਈ ਜਨੋ! ਸੰਤੋਖਿ—ਸੰਤੋਖ ਵਿਚ। ਗਹਹੁ—ਗ੍ਰਹਿਣ ਕਰੋ। ਚੀਨਿ—ਪਛਾਣ ਕੇ। ਪਰਾਤਮੁ—ਪਰ ਆਤਮੁ, ਪਰਮ ਆਤਮਾ, ਪਰਮਾਤਮਾ।8।

ਕੂੜ—ਮਾਇਆ ਦਾ ਮੋਹ। ਟੇਕ—ਆਸਰਾ। ਗ੍ਰਭ—ਗਰਭ।9।

ਕਾਣਿ—ਡਰ। ਚੂਕੈ—ਮੁੱਕਦੀ। ਬੀਜੈ—ਲਈ ਜਾਂਦੀ ਹੈ, ਵਸੂਲ ਕੀਤੀ ਜਾਂਦੀ ਹੈ। ਅਫਰਿਓ—ਅਹੰਕਾਰੀ ਦੇ (ਸਿਰ ਉਤੇ)। ਅਫਾਰਾ—ਅਸਹਿ।10।

ਕੋ ਸਾਕਤੁ—ਕੇਹੜਾ ਸਾਕਤ? ਭਵਜਲਿ—ਭਵਜਲ ਵਿਚ। ਪਾਰੁ—ਪਾਰਲਾ ਬੰਨਾ। ਪਾਰਿ—ਪਾਰਲੇ ਬੰਨੇ, ਪਾਰਲੇ ਪਾਸੇ।11।

ਸੋਈ—ਉਹ (ਪ੍ਰਭੂ) ਹੀ। ਮਨਿ—ਮਨ ਵਿਚ। ਅਪਰ—ਜਿਸ ਤੋਂ ਪਰੇ ਹੋਰ ਕੋਈ ਨਹੀਂ।12।

ਤੇ—ਤੋਂ। ਭੂਲੇ—ਖੁੰਝੇ ਹੋਏ। ਅਚੇਤ—ਗ਼ਾਫ਼ਿਲ, ਅਵੇਸਲੇ, ਬੇ-ਪਰਵਾਹ। ਤਾ—ਤੋਂ।13।

ਜਿਨਿ ਦਾਤੇ—ਜਿਸ ਦਾਤੇ ਨੇ। ਕਉ—ਨੂੰ। ਪ੍ਰਾਣੀ—ਹੇ ਪ੍ਰਾਣੀ! ਸਹੁ—ਸਹਾਰ। ਕਰਾਰਾ—ਸਖ਼ਤ।14।

ਮਮਤਾ—ਅਪਣੱਤ। ਬਿਖੁ—ਜ਼ਹਿਰ। ਛਾਰੁ—ਸੁਆਹ।15।

ਅਕਥੁ—ਉਹ ਪ੍ਰਭੂ ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਮਨਹਿ—ਮਨਿ ਹੀ, ਮਨ ਵਿਚ ਹੀ। ਚਲਤਾ—ਭਟਕਦਾ। ਠਾਕਿ—ਰੋਕ ਕੇ। ਘਰਿ ਅਪੁਨੈ—ਅਪਨੇ ਘਰ ਵਿਚ। 16।

ਪਰਾਤੀ—ਪਛਾਣੀ। ਗੁਰਮੁਖਿ—ਉਹ ਮਨੁੱਖ ਜਿਸ ਦਾ ਮੂੰਹ ਗੁਰੂ ਵਲ ਹੈ। ਗੁਰਮੁਖਿ—ਗੁਰੂ ਦੀ ਰਾਹੀਂ। 17।

ਅਰਥ:- ਹੇ ਅੰਞਾਣ ਮੂਰਖ ਮਨ! ਅਡੋਲਤਾ ਵਿਚ ਟਿਕਿਆ ਰਹੁ। ਆਪਣੇ ਅੰਦਰ ਹੀ ਟਿਕਿਆ ਰਹਿ ਕੇ ਤੇ ਸੁਰਤਿ ਜੋੜ ਕੇ ਪ੍ਰਭੂ ਦਾ ਨਾਮ ਜਪ। (ਹੇ ਮਨ! ਮਾਇਆ ਦਾ) ਲਾਲਚ ਛੱਡ ਕੇ ਉਸ ਪ੍ਰਭੂ ਵਿਚ ਲੀਨ ਰਹੁ ਜੋ ਪਰੇ ਤੋਂ ਪਰੇ ਹੈ (ਜਿਸ ਤੋਂ ਅਗਾਂਹ ਕੋਈ ਹੋਰ ਹਸਤੀ ਨਹੀਂ ਹੈ)। ਇਸੇ ਤਰ੍ਹਾਂ ਤੂੰ (ਮਾਇਆ ਦੇ ਲਾਲਚ ਤੋਂ) ਖ਼ਲਾਸੀ ਪਾਣ ਦਾ ਰਸਤਾ ਲੱਭ ਲਏਂਗਾ।1।

ਜਿਸ ਪ੍ਰਭੂ ਦੇ ਭੁੱਲ ਜਾਣ ਨਾਲ ਮੌਤ ਘੂਰਨ ਲੱਗ ਪੈਂਦੀ ਹੈ ਸਾਰੇ ਸੁਖ ਦੂਰ ਹੋ ਜਾਂਦੇ ਹਨ ਤੇ ਉਹਨਾਂ ਦੇ ਥਾਂ ਜੀਵਨ-ਪੰਧ ਵਿਚ ਦੁੱਖ ਹੀ ਦੁੱਖ ਵਾਪਰਦੇ ਹਨ, ਹੇ ਜਿੰਦੇ! ਗੁਰੂ ਦੀ ਸਰਨ ਪੈ ਕੇ ਉਸ ਪ੍ਰਭੂ ਦਾ ਨਾਮ ਜਪ, ਤੇ ਉਸ ਜਗਤ ਦੇ ਮੂਲ ਪ੍ਰਭੂ ਨੂੰ ਆਪਣੇ ਸੋਚ ਦੇ ਮੰਡਲ ਵਿਚ ਟਿਕਾ ਰੱਖ।2।

